**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਫੇਸ-8, ਐਸ.ਏ.ਐਸ.ਨਗਰ।**

ਹੁਕਮ ਨੰ: 06/100-2004 ਅਮਲਾ-2 (2)/ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ : 17.07.15

ਸ੍ਰੀਮਤੀ ਪਰਵੀਨ ਪਾਲ ਕੌਰ, ਮੈਥ ਮਿਸਟ੍ਰੈਸ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ ਜੋ ਮਿਤੀ 21.01.2003 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 06/100-14 ਅਮਲਾ-2 (2) ਮਿਤੀ 30.06.2004 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵੱਲੀ 1970 ਦੀ ਧਾਰਾ 8 ਦੇ ਨਿਯਮ 5 ( v ਤੋਂ ix ) ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀਮਤੀ ਪਰਵੀਨ ਪਾਲ ਕੌਰ, ਮੈਥ ਮਿਸਟ੍ਰੈਸ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਹੋਇਆ ਜੋ ਕਿ ਤਸਲੀਬੱਖਸ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 06/100-2004 ਅਮਲਾ-2 (2 ਮਿਤੀ 08.12.09/16.01.10 ਰਾਂਹੀ ਸ਼੍ਰੀ ਨਿਰੰਜਣ ਸਿੰਘ, ਜਿਲਾ ਸਿੱਖਿਆ ਅਫਸਰ (ਸੈ:ਸਿ:) ਐਸ.ਏ.ਐਸ.ਨਗਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਵਿਰੁੱਧ ਮਿਤੀ 21.01.2003 ਤੋ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਇਸ ਦਫਤਰ ਵਲੋਂ ਡਿਊਟੀ ਤੋਂ ਲਗਾਤਾਰ ਵੱਖ-ਵੱਖ ਮਿਤੀਆਂ ਤੋਂ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਰਹਿਣ ਵਾਲੇ ਮਾਸਟਰ/ਮਿਸਟ੍ਰੈਸਾਂ ਸਬੰਧੀ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਇਕ ਸਾਂਝਾ ਇਸਤਿਹਾਰ ਅਖਬਾਰ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 1 ਤੇ ਇਸ ਕਰਮਚਾਰੀ ਦਾ ਨਾਂ ਵੀ ਸਾਮਲ ਸੀ। ਇਹ ਇਸ਼ਤਿਹਾਰ ਮਿਤੀ 08.04.2015 ਨੂੰ ਪ੍ਰਕਾਸ਼ਿਤ ਹੋਇਆ ਜਿਸ ਰਾਹੀਂ ਸ੍ਰੀਮਤੀ ਪਰਵੀਨ ਪਾਲ ਕੌਰ, ਮੈਥ ਮਿਸਟ੍ਰੈਸ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁੱਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ । ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰਨ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਮਿਤੀ 08.04.15 ਨੂੰ ਪ੍ਰਕਾਸਿਤ ਹੋਏ ਇਸਤਿਹਾਰ ਵਿੱਚ ਕਰਮਚਾਰਨ ਦੀ ਗੈਰ ਹਾਜ਼ਰੀ ਦੀ ਮਿਤੀ 21.01.2003 ਦੀ ਥਾਂ ਤੇ ਮਿਤੀ 21.01.2013 ਪ੍ਰਕਾਸਿਤ ਹੋ ਗਈ ਸੀ । ਇਸ ਸਬੰਧੀ ਸੋਧ ਪੱਤਰ ਅਖਬਾਰ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 2 ਤੇ ਇਸ ਕਰਮਚਾਰਨ ਦਾ ਨਾਂ ਵੀ ਸਾਮਲ ਸੀ । ਇਹ ਇਸ਼ਤਿਹਾਰ ਮਿਤੀ 09.06.15 ਨੂੰ ਅਜੀਤ ਅਖਬਾਰ ਵਿੱਚ ਪ੍ਰਕਾਸਿਤ ਹੋਇਆ। ਪਰੰਤੂ ਕਰਮਚਾਰਨ ਵੱਲੋ ਆਪਣੀ ਗੈਰ ਹਾਜਰੀ ਸਬੰਧੀ ਕੋਈ ਪੱਖ ਪੇਸ ਨਹੀਂ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀਮਤੀ ਪਰਵੀਨ ਪਾਲ ਕੌਰ, ਮੈਥ ਮਿਸਟ੍ਰੈਸ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 21.01.2003 ਤੋ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (Viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 13657-60 ਮਿਤੀ, ਐਸ.ਏ.ਐਸ.ਨਗਰ : 22/7/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਐਸ.ਏ.ਐਸ.ਨਗਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ।
3. ਪ੍ਰਿੰਸੀਪਲ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ ਨੂੰ ਸਬੰਧਤ ਕਰਮਚਾਰਨ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀਮਤੀ ਪਰਵੀਨ ਪਾਲ ਕੌਰ, ਮੈਥ ਮਿਸਟ੍ਰੈਸ, ਸਸਸਸ, ਖਿਜਰਾਬਾਦ ਜਿਲ੍ਹਾ ਐਸ.ਏ.ਐਸ.ਨਗਰ।

ਨੱਥੀ: ਸੇਵਾਪੱਤਰੀ (ਅਸਲ)

ਸੁਪਰਡੰਟ ਕੋਆਰਡੀਨੇਸਨ ਸੈਲ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਫੇਸ-8, ਐਸ.ਏ.ਐਸ.ਨਗਰ।**

ਹੁਕਮ ਨੰ: 10/91-2013 ਅਮਲਾ-3 (1)/ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ : 17.07.15

ਸ੍ਰੀ ਮਨਜੀਤ ਸਿੰਘ, ਸਾਇੰਸ ਮਾਸਟਰ, ਸਸਸਸ, ਮੁਠੱਡਾ ਖੁਰਦ (ਜਲੰਧਰ) ਜੋ ਮਿਤੀ 28.10.2013 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/91-2013 ਅਮਲਾ-3 (1)/ ਮਿਤੀ 08.01.2014 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵੱਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀ ਮਨਜੀਤ ਸਿੰਘ, ਸਾਇੰਸ ਮਾਸਟਰ, ਸਸਸਸ, ਮੁਠੱਡਾ ਖੁਰਦ (ਜਲੰਧਰ) ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ 10/91-2013 ਅਮਲਾ-3 (1) ਮਿਤੀ 19-05-2014 ਰਾਂਹੀ ਪ੍ਰੇਮ ਕੁਮਾਰ ਪ੍ਰਿੰਸੀਪਲ, ਸਸਸਸ (ਮੁੰਡੇ) ਫਿਲੌਰ (ਜਲੰਧਰ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਮਿਤੀ 28.10.2013 ਤੋਂ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਇਸ ਦਫਤਰ ਵਲੋਂ ਡਿਊਟੀ ਤੋਂ ਲਗਾਤਾਰ ਵੱਖ-ਵੱਖ ਮਿਤੀਆਂ ਤੋਂ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਵਾਲੇ ਮਾਸਟਰ/ਮਿਸਟ੍ਰੈਸਾਂ ਸਬੰਧੀ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਇਕ ਸਾਂਝਾ ਇਸ਼ਤਿਹਾਰ ਅਖਬਾਰ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 2 ਤੇ ਇਸ ਕਰਮਚਾਰੀ ਦਾ ਨਾਂ ਵੀ ਸ਼ਾਮਲ ਸੀ। ਇਹ ਇਸ਼ਤਿਹਾਰ ਮਿਤੀ 10.02.2015 ਨੂੰ ਪ੍ਰਕਾਸ਼ਿਤ ਹੋਇਆ । ਇਸ ਨੋਟਿਸ ਰਾਹੀਂ ਸ੍ਰੀ ਮਨਜੀਤ ਸਿੰਘ, ਸਾਇੰਸ ਮਾਸਟਰ, ਸਸਸਸ, ਮੁਠੱਡਾ ਖੁਰਦ (ਜਲੰਧਰ) ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ । ਕਰਮਚਾਰੀ ਵੱਲੋ ਇਸ ਨੋਟਿਸ ਦੇ ਸਨਮੁੱਖ ਨਿੱਜੀ ਤੋਰ ਤੇ ਹਾਜ਼ਰ ਹੋਣ ਦੇ ਬਜਾਏ ਪ੍ਰਤੀ ਬੇਨਤੀ ਮਿਤੀ 26.02.2015 ਨੂੰ ਭੇਜਕੇ ਲਿਖ ਦਿੱਤਾ ਕਿ ਉਸਦੀ ਬੇਟੀ ਅਤੇ ਪਤਨੀ ਬੀਮਾਰ ਹੋਣ ਕਾਰਨ ਇਲਾਜ ਚੱਲ ਰਿਹਾ ਹੈ। ਇਸ ਉਪਰੰਤ ਇਸ ਕਰਮਚਾਰੀ ਨੂੰ ਮਿਤੀ 28.04.15 ਨੂੰ ਨਿੱਜੀ ਸੁਣਵਾਈ ਦਾ ਮੌਕਾ ਵੀ ਦਿੱਤਾ ਗਿਆ। ਪਰੰਤੂ ਉਹ ਹਾਜਰ ਨਹੀਂ ਹੋਇਆ ਸਗੋਂ ਆਪਣਾ ਪੱਤਰ ਮਿਤੀ 24.04.2015 ਨੂੰ ਭੇਜਕੇ ਲਿਖ ਦਿੱਤਾ ਕਿ **" ਮੈਂ ਨਿੱਜੀ ਸੁਣਵਾਈ ਲਈ ਪੇਸ਼ ਹੋ ਸਕਣ ਤੋਂ ਅਸਮਰਥ ਹਾਂ। ਨਿੱਜੀ ਪੇਸ਼ੀ ਦੇ ਸਬੰਧ ਵਿੱਚ ਆਪਣੇ ਦੋਸਤ ਸ੍ਰੀ ਸੁਖਵਿੰਦਰ ਸਿੰਘ ਨੂੰ ਜਵਾਬ ਦੇਣ ਲਈ ਭੇਜ ਰਿਹਾ ਹਾਂ। ਉਸ ਨੂੰ ਮੇਰੇ ਪ੍ਰਤੀ ਜੋ ਕਾਰਵਾਈ ਕੀਤੀ ਹੈ ਉਸ ਬਾਰੇ ਜਾਣੂ ਕਰਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ"**। ਮਿਤੀ 10.02.15 ਨੂੰ ਪ੍ਰਕਾਸ਼ਿਤ ਹੋਏ ਇਸ਼ਤਿਹਾਰ ਵਿੱਚ ਕਰਮਚਾਰੀ ਦੀ ਗੈਰ ਹਾਜ਼ਰੀ ਦੀ ਮਿਤੀ 28.10.2013 ਦੀ ਥਾਂ ਤੇ ਮਿਤੀ 28.10.2003 ਪ੍ਰਕਾਸ਼ਿਤ ਹੋ ਗਈ ਸੀ। ਇਸ ਸਬੰਧੀ ਸੋਧ ਪੱਤਰ ਅਖਬਾਰ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 1 ਤੇ ਇਸ ਕਰਮਚਾਰੀ ਦਾ ਨਾਂ ਵੀ ਸ਼ਾਮਲ ਸੀ । ਇਹ ਇਸ਼ਤਿਹਾਰ ਮਿਤੀ 09.06.15 ਨੂੰ ਅਜੀਤ ਅਖਬਾਰ ਵਿੱਚ ਪ੍ਰਕਾਸ਼ਿਤ ਹੋਇਆ। ਪਰੰਤੂ ਇਸ ਸਬੰਧੀ ਕਰਮਚਾਰੀ ਵੱਲੋਂ ਆਪਣੀ ਗੈਰ ਹਾਜਰੀ ਸਬੰਧੀ ਕੋਈ ਪੱਖ ਪੇਸ਼ ਨਹੀਂ ਕੀਤਾ। ਉਸ ਦੇ ਇਸ ਵਤੀਰੇ ਤੋਂ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਬਿਲਕੁਲ ਵੀ ਦਿਲਚਸਪੀ ਨਹੀ ਰੱਖਦਾ ਅਤੇ ਨਾ ਹੀ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਮਨਜੀਤ ਸਿੰਘ, ਸਾਇੰਸ ਮਾਸਟਰ, ਸਸਸਸ, ਮੁਠੱਡਾ ਖੁਰਦ (ਜਲੰਧਰ)ਦੇ ਅਣ-ਅਧਿਕਾਰਤ ਤੌਰ ਤੇ ਮਿਤੀ 28.10.2013 ਤੋ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (Viii) ਅਧੀਨ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ /13665-68 ਮਿਤੀ, ਐਸ.ਏ.ਐਸ.ਨਗਰ : 22/7/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਜਲੰਧਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ।
3. ਪ੍ਰਿੰਸੀਪਲ, , ਸਸਸਸ, ਮੁਠੱਡਾ ਖੁਰਦ (ਜਲੰਧਰ) ਨੂੰ ਸਬੰਧਤ ਕਰਮਚਾਰੀ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀ ਮਨਜੀਤ ਸਿੰਘ, ਸਾਇੰਸ ਮਾਸਟਰ, ਸਸਸਸ, ਮੁਠੱਡਾ ਖੁਰਦ (ਜਲੰਧਰ)।

**ਨੱਥੀ: ਸੇਵਾਪੱਤਰੀ (ਅਸਲ)**

ਸੁਪਰਡੰਟ ਕੋਆਰਡੀਨੇਸ਼ਨ ਸੈਲ